BRAMPTON Flower City
brampton.ca

media release

29 ਮਾਰਚ, 2018

# ਬ੍ਰੈਂਪਟਨ ਫਾਇਰ ਜ਼ਿੰਦਗੀਆਂ ਬਚਾਉਣ ਵਿੱਚ ਮਦਦ ਲਈ ਵਿਸ਼ਾਲ ਡੇਟਾ ਵਰਤ ਰਿਹਾ ਹੈ

ਬ੍ਰੈਂਪਟਨ, ਓਨਟੈਰੀਓ – ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ਼ (Brampton Fire and Emergency Services) (ਬੀ.ਐਫ.ਈ.ਐਸ.) (BFES) ਬ੍ਰੈਂਪਟਨ ਵਿੱਚ ਜਨਤਕ ਸਿੱਖਿਆ ਸਬੰਧੀ ਆਪਣੇ ਯਤਨਾਂ ਨੂੰ ਅੱਗੇ ਵਧਾਉਣ ਅਤੇ ਅੱਗ ਤੋਂ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਵਿਸ਼ਾਲ ਡੇਟਾ ਵਰਤ ਰਿਹਾ ਹੈ।

ਇਨ-ਹਾਊਸ ਰਿਕਾਰਡਾਂ, ਐਨਵਾਇਰੋਨਿਕਸ (Environics) ਡੇਟਾ ਅਤੇ ਹੋਰ ਨਵੀਨ ਤਕਨੀਕਾਂ ਦਾ ਸੁਮੇਲ ਵਰਤਦੇ ਹੋਏ – ਬੀ.ਐਫ.ਈ.ਐਸ. ਨੇ ਵੱਧ ਮਜ਼ਬੂਤ ਸਮਝ ਵਿਕਸਿਤ ਕੀਤੀ ਹੈ ਕਿ ਬ੍ਰੈਂਪਟਨ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਕਿੱਥੇ ਵਾਪਰ ਰਹੀਆਂ ਹਨ, ਉਹਨਾਂ ਦਾ ਕਾਰਨ ਕੀ ਹੈ। ਖ਼ਾਸ ਕਰਕੇ, ਬੀ.ਐਫ.ਈ.ਐਸ. ਨੇ ਅੱਗ ਦੀਆਂ ਵੱਧ ਘਟਨਾਵਾਂ ਵਾਲੇ ਤਿੰਨ ਗਵਾਂਢਾਂ ਦੀ ਪਛਾਣ ਕੀਤੀ ਹੈ ਅਤੇ ਉਹਨਾਂ ਦਰਾਂ ਨੂੰ ਘੱਟ ਕਰਨ ਲਈ ਪੰਜ-ਸਾਲਾ ਯੋਜਨਾ ਤਿਆਰ ਕੀਤੀ ਹੈ।

ਟੀਚੇ ਵਾਲੇ ਤਿੰਨ ਗਵਾਂਢ ਹਨ, ਸ਼ਹਿਰ ਦੇ ਦੱਖਣ ਦੇ ਅੰਤ ਵਿੱਚ ਆਰਮਬ੍ਰੋ ਹਾਈਟਸ (Armbro Heights), ਕੇਂਦਰੀ-ਪੱਛਮੀ ਬ੍ਰੈਂਪਟਨ ਵਿੱਚ ਰਿਜਹਿਲ (Ridgehill), ਅਤੇ ਬ੍ਰੈਮਲੀ ਸਿਟੀ ਸੈਂਟਰ (Bramalea City Centre) ਸ਼ੌਪਿੰਗ ਮਾਲ ਦੇ ਨਾਲ ਲੱਗਦਾ ਸਿਟੀ ਸੈਂਟਰ (City Centre)। ਇਹਨਾਂ ਤਿੰਨ ਜ਼ੋਨਾਂ ਅਤੇ ਸਬੰਧਿਤ ਅੱਗ ਸਬੰਧੀ ਚਿੰਤਾਵਾਂ ਦੀ ਕਹਾਨੀ ਦੱਸਣ ਲਈ, ਬ੍ਰੈਂਪਟਨ ਫਾਇਰ ਨੇ ਇੱਕ map-based, visual presentation (ਨਕਸ਼ਾ-ਆਧਾਰਿਤ, ਦ੍ਰਿਸ਼ ਪੇਸ਼ਕਾਰੀ) ਤਿਆਰ ਕੀਤੀ ਹੈ। ਪੇਸ਼ਕਾਰੀ ਕਿਸੇ ਕੰਪਿਊਟਰ ਜਾਂ ਮੋਬਾਈਲ ਡਿਵਾਈਸ 'ਤੇ ਦੇਖੀ ਜਾ ਸਕਦੀ ਹੈ ਅਤੇ ਪਿਛੋਕੜ ਡੇਟਾ ਹਰੇਕ ਲਈ ਉਪਲਬਧ ਹੈ।

2012 ਅਤੇ 2017 ਦੇ ਵਿਚਕਾਰ, ਇਹਨਾਂ ਤਿੰਨ ਜ਼ੋਨਾਂ ਵਿੱਚ ਅੱਗ ਦੀਆਂ ਲਗਭਗ 250 ਘਟਨਾਵਾਂ ਦੇਖੀਆਂ ਗਈਆਂ, ਜੋ ਬ੍ਰੈਂਪਟਨ ਦੀਆਂ ਸਾਰੀਆਂ ਰਿਹਾਇਸ਼ੀ ਅੱਗ ਦੀਆਂ ਘਟਨਾਵਾਂ ਦੇ 32 ਪ੍ਰਤੀਸ਼ਤ ਨੂੰ ਦਰਸਾਉਂਦੀਆਂ ਹਨ। ਇਹਨਾਂ ਅੱਗ ਦੀਆਂ ਘਟਨਾਵਾਂ ਵਿੱਚੋਂ 30 ਅਤੇ 40 ਪ੍ਰਤੀਸ਼ਤ ਰਸੋਈ ਵਿੱਚ ਸ਼ੁਰੂ ਹੋਈਆਂ ਸਨ। ਗਰਾਜ ਵਿੱਚ ਤੰਦੂਰ ਚਲਾਉਣਾ ਜਾਂ ਭੋਜਨ ਪਕਾਉਣਾ ਅਤੇ ਗ਼ਲਤ ਢੰਗ ਨਾਲ ਨਿਪਟਾਰਾ ਕੀਤੀਆਂ ਧੂੰਏਂ ਦੀਆਂ ਸਮੱਗਰੀਆਂ ਵੀ ਇਹਨਾਂ ਦਾ ਖ਼ਾਸ ਕਾਰਨ ਸਨ।

ਟੀਚੇ ਵਾਲੇ ਗਵਾਂਢਾਂ ਵਿੱਚੋਂ ਕੁਝ ਵਿੱਚ ਬਹੁਤ ਵੱਡੀ ਸੰਖਿਆ ਵਿੱਚ ਗਗਨਚੁੰਬੀ (ਸਭ ਤੋਂ ਉੱਚੀਆਂ) ਰਿਹਾਇਸ਼ੀ ਬਿਲਡਿੰਗਾਂ ਹਨ, ਅਤੇ ਸਧਾਰਨ ਤੌਰ 'ਤੇ, ਜੀ.ਟੀ.ਏ. (GTA) ਨੇ ਹਰ ਸਾਲ ਗਗਨਚੁੰਬੀ ਬਿਲਡਿੰਗਾਂ ਵਿੱਚ ਅੱਗ ਦੀਆਂ ਘਟਨਾਵਾਂ ਵਿੱਚ ਇੱਕ ਤੋਂ ਦੋ ਪ੍ਰਤੀਸ਼ਤ ਦਾ ਵਾਧਾ ਦੇਖਿਆ ਹੈ। ਬ੍ਰੈਂਪਟਨ ਵਿੱਚ ਸਿਰਫ਼ 88 ਗਗਨਚੁੰਬੀ ਅਪਾਰਟਮੈਂਟ ਬਿਲਡਿੰਗਾਂ ਹਨ, ਪਰੰਤੂ ਇਹਨਾਂ ਸਥਾਨਾਂ ਵਿਖੇ ਅੱਗ ਦੀਆਂ ਘਟਨਾਵਾਂ ਸਾਰੀਆਂ ਰਿਹਾਇਸ਼ੀ ਅੱਗ ਦੀਆਂ ਘਟਨਾਵਾਂ ਦੇ 16 ਪ੍ਰਤੀਸ਼ਤ ਲਈ ਜ਼ਿੰਮੇਵਾਰ ਹਨ।

ਬੀ.ਐਫ.ਈ.ਐਸ. ਅਗਲੇ ਪੰਜ ਸਾਲਾਂ ਤੱਕ ਇਹਨਾਂ ਖੇਤਰਾਂ ਵਿੱਚ ਅੱਗ ਦੀਆਂ ਘਟਨਾਵਾਂ ਦੀ ਸੰਖਿਆ ਨੂੰ ਘੱਟ ਕਰਨ ਦੇ ਟੀਚੇ ਦੇ ਨਾਲ ਬਹੁਮੁਖੀ ਜਨਤਕ ਸਿੱਖਿਆ ਅਤੇ ਅੱਗ ਤੋਂ ਬਚਾਅ ਦੇ ਪ੍ਰਤੀ ਕੰਮ ਕਰ ਰਿਹਾ ਹੈ। ਮੁੱਖ ਸੁਨੇਹਿਆਂ ਵਿੱਚ ਸ਼ਾਮਲ ਹਨ, ਭੋਜਨ ਪਕਾਉਣ ਸਮੇਂ ਰਸੋਈ ਵਿੱਚ ਮੌਜੂਦ ਨਾ ਰਹਿਣ ਦੇ ਖਤਰੇ ਅਤੇ ਧੂੰਏਂ ਦੇ ਚਾਲੂ ਅਲਾਰਮਾਂ ਦਾ ਮਹੱਤਵ।

ਪਿਛਲੇ ਛੇ ਮਹੀਨਿਆਂ ਵਿੱਚ, ਬੀ.ਐਫ.ਈ.ਐਸ. ਨੇ ਹੇਠਾਂ ਦਿੱਤੇ ਕੰਮਾਂ ਦੁਆਰਾ ਆਰਮਬ੍ਰੋ ਹਾਈਟਸ, ਰਿਜਹਿਲ ਅਤੇ ਸਿਟੀ ਸੈਂਟਰ ਵਿੱਚ ਪ੍ਰਚਾਰ ਸਬੰਧੀ ਯਤਨਾਂ ਵਿੱਚ ਵਾਧਾ ਕੀਤਾ ਹੈ:

- ਭੂਗੋਲਿਕ ਅਨੁਮਾਨਾਂ 'ਤੇ ਅਧਾਰਿਤ (ਜਿਓ-ਲੋਕੇਟੇਡ) ਸੋਸ਼ਲ ਮੀਡੀਆ ਇਸ਼ਤਿਹਾਰ
- ਸਥਾਨਕ ਰਿਟੇਲ ਅਤੇ ਭਾਈਚਾਰਕ ਸਥਾਨਾਂ ਵਿੱਚ ਇਸ਼ਤਿਹਾਰ ਦੇਣਾ
- ਫਾਇਰ ਟਰੱਕ ਸੁਨੇਹੇ
- ਗਗਨਚੁੰਬੀ ਲੋਬੀਜ ਵਿੱਚ ਟੈਲੀਵਿਜਨ ਸਕ੍ਰੀਨਾਂ
- ਘਰਾਂ, ਅਪਾਰਟਮੈਂਟਾਂ, ਸਕੂਲਾਂ ਅਤੇ ਭਾਈਚਾਰਕ ਇਕੱਠ ਵਾਲੇ ਖੇਤਰਾਂ ਵਿਖੇ ਜਾਣਾ
- ਭਾਈਚਾਰਕ ਕਾਰਜਕਰਮਾਂ ਵਿੱਚ ਹਿੱਸਾ ਲੈਣਾ

ਬ੍ਰੈਂਪਟਨ ਦੇ ਸਾਰੇ ਫਾਇਰਫਾਈਟਰਾਂ ਨੂੰ ਪਹਿਲੀ ਮੰਜ਼ਲ 'ਤੇ ਅੱਗ ਤੋਂ ਸੁਰੱਖਿਆ ਲਈ ਇੱਕ ਪ੍ਰਮਾਣਿਤ (ਸਰਟੀਫਾਈਡ) ਸਿੱਖਿਅਕ ਦੇ ਬਰਾਬਰ ਟ੍ਰੇਨਿੰਗ ਦਿੱਤੀ ਗਈ ਹੈ। ਅੱਗ ਤੋਂ ਸੁਰੱਖਿਆ ਵਾਲੇ ਅਫ਼ਸਰ ਗਗਨਚੁੰਬੀ ਬਿਲਡਿੰਗਾਂ ਅਤੇ ਕਮਜ਼ੋਰ ਰਿਹਾਇਸ਼ਾਂ ਜਿਵੇਂ ਬਜ਼ੁਰਗ ਹੋਮਸ 'ਤੇ ਧਿਆਨ ਕੇਂਦਰਿਤ ਕਰਦੇ ਹੋਏ, ਸੁਰੱਖਿਆ ਸਬੰਧੀ ਜਾਂਚਾਂ ਨੂੰ ਅੱਗੇ ਵਧਾ ਰਹੇ ਹਨ।

ਹੁਣ ਤੱਕ, ਤਿੰਨ ਜ਼ੋਨਾਂ ਵਿੱਚ ਲਗਭਗ 7,000 ਅਰੰਭਿਕ (ਐਲੀਮੈਂਟਰੀ) ਅਤੇ ਹਾਈ ਸਕੂਲ ਦੇ ਵਿਦਿਆਰਥੀਆਂ ਨੇ ਅੱਗ ਤੋਂ ਸੁਰੱਖਿਆ ਸਬੰਧੀ ਪੇਸ਼ਕਾਰੀਆਂ ਦਿੱਤੀਆਂ ਹਨ। ਗਗਨਚੁੰਬੀ ਬਿਲਡਿੰਗਾਂ ਦੀਆਂ 2,500 ਤੋਂ ਵੱਧ ਰਿਹਾਇਸ਼ਾਂ ਵਿੱਚ ਸਥਾਨ-ਵਿਸ਼ੇਸ਼ ਜਾਣਕਾਰੀ ਦਿੱਤੀ ਗਈ ਹੈ ਅਤੇ ਗਗਨਚੁੰਬੀ ਬਿਲਡਿੰਗਾਂ ਦੇ 1,000 ਤੋਂ ਵੱਧ ਨਿਵਾਸੀਆਂ ਨੇ ਅੱਗ ਤੋਂ ਸੁਰੱਖਿਆ ਬਾਰੇ ਅੱਗ ਵਿਭਾਗ ਦੇ ਅਧਿਕਾਰੀਆਂ ਨਾਲ ਗੱਲ ਕੀਤੀ ਹੈ।

ਆਉਣ ਵਾਲੇ ਮਹੀਨਿਆਂ ਵਿੱਚ ਹੋਰ ਜਨਤਕ ਜਾਣਕਾਰੀ ਦੇਣ ਦੀ ਯੋਜਨਾ ਬਣਾਈ ਗਈ ਹੈ। ਅੱਗ ਤੋਂ ਸੁਰੱਖਿਆ ਬਾਰੇ ਜਾਣਕਾਰੀ ਲਈ, ਕਿਰਪਾ ਕਰਕੇ www.bramptonfire.com 'ਤੇ ਜਾਓ।

**ਅੱਗ ਤੋਂ ਸੁਰੱਖਿਆ ਦੇ ਆਸਾਨ ਉਪਾਅ:**

- ਭੋਜਨ ਬਣਾਉਂਦੇ ਸਮੇਂ ਹਮੇਸ਼ਾ ਰਸੋਈ ਵਿੱਚ ਹੀ ਰਹੋ, ਜਦੋਂ ਤੁਹਾਨੂੰ ਨੀਂਦ ਆ ਰਹੀ ਹੋਵੇ ਤਾਂ ਭੋਜਨ ਨਾ ਬਣਾਓ।
- ਆਪਣੇ ਗਰਾਜ ਵਿੱਚ ਤੰਦੂਰ ਜਾਂ ਹੋਰ ਕੂਕਰ ਨਾ ਵਰਤੋ।
- ਆਪਣੇ ਘਰ ਦੀ ਹਰੇਕ ਮੰਜ਼ਲ 'ਤੇ ਅਤੇ ਸੌਣ ਵਾਲੇ ਸਾਰੇ ਭਾਗਾਂ ਦੇ ਬਾਹਰ ਧੂੰਏਂ ਦੇ ਅਲਾਰਮ ਲਗਵਾਓ।
- ਵਾਧੂ ਸੁਰੱਖਿਆ ਲਈ, ਨਿਰਮਾਤਾ ਦੀਆਂ ਸਿਫ਼ਾਰਿਸ਼ਾਂ ਦੇ ਮੁਤਾਬਕ ਹਰੇਕ ਸੌਣ ਵਾਲੇ ਕਮਰੇ ਵਿੱਚ ਇੱਕ ਧੂੰਏਂ ਦਾ ਅਲਾਰਮ ਲਗਵਾਓ।
- ਟੈਸਟ ਬਟਨ ਦਬਾ ਕੇ ਮਹੀਨੇ ਵਿੱਚ ਇੱਕ ਵਾਰ ਧੂੰਏਂ ਦੇ ਅਤੇ ਕਾਰਬਨ ਮੋਨੋਆਕਸਾਈਡ ਅਲਾਰਮਾਂ ਦੀ ਜਾਂਚ ਕਰੋ। ਹਰ ਸਾਲ ਬੈਟਰੀਆਂ ਬਦਲੋ।
- ਧੂੰਏਂ ਦੇ ਅਤੇ ਕਾਰਬਨ ਮੋਨੋਆਕਸਾਈਡ ਅਲਾਰਮ ਸਮਾਂ ਪੈਣ 'ਤੇ ਖ਼ਰਾਬ ਹੋ ਜਾਂਦੇ ਹਨ। ਨਿਰਮਾਤਾ ਦੀਆਂ ਸਿਫ਼ਾਰਿਸ਼ਾਂ ਦੇ ਮੁਤਾਬਕ ਅਲਾਰਮ ਬਦਲੋ।
- ਜੇਕਰ ਤੁਸੀਂ ਸਿਗਰੇਟ ਪੀਂਦੇ ਹੋ (ਤੰਮਾਕੂਨੋਸ਼ੀ ਕਰਦੇ ਹੋ), ਤਾਂ ਸਾਵਧਾਨ ਰਹੋ ਅਤੇ ਡੂੰਘੀਆਂ ਰਾਖਦਾਨੀਆਂ (ਐਸ਼ਟ੍ਰੇਜ) ਵਰਤੋ।

**ਹਵਾਲੇ:**

"ਬ੍ਰੈਂਪਟਨ ਫਾਇਰ ਸਾਡੇ ਸ਼ਹਿਰ ਵਿੱਚ ਅੱਗ ਤੋਂ ਸੁਰੱਖਿਆ ਸਬੰਧੀ ਚਿੰਤਾਵਾਂ ਦੀ ਪਛਾਣ ਕਰਨ ਅਤੇ ਉਹਨਾਂ ਦਾ ਮੁਕਾਬਲਾ ਕਰਨ ਲਈ ਕਾਰਜਨੀਤੀਆਂ ਵਿਕਸਿਤ ਕਰਨ ਵਾਸਤੇ ਟੂਲਸ ਅਤੇ ਟੈਕਨੋਲੋਜੀ ਦੀ ਵਰਤੋਂ ਕਰਦੇ ਹੋਏ, ਕੈਨੇਡਾ ਵਿੱਚ ਫਿਰ ਅਗਵਾਈ ਕਰ ਰਿਹਾ ਹੈ। ਸਾਡੇ ਨਿਵਾਸੀਆਂ ਦੀ ਸੁਰੱਖਿਆ ਸਾਡੀ ਤਰਜੀਹ ਹੈ ਅਤੇ ਮੈਂ ਆਉਣ ਵਾਲੇ ਹਫ਼ਤਿਆਂ ਵਿੱਚ ਬ੍ਰੈਂਪਟਨ ਫਾਇਰ ਦੇ ਸੁਰੱਖਿਆ ਸਬੰਧੀ ਸਿੱਖਿਆ ਯਤਨਾਂ ਵਿੱਚ ਸਹਿਯੋਗ ਕਰਨ ਦੀ ਆਸ ਕਰਦੀ ਹਾਂ।"

- ਮੇਅਰ ਲਿੰਡਾ ਜੈਫਰੀ (Linda Jeffrey)

"ਭੋਜਨ ਪਕਾਉਣ ਸਮੇਂ ਰਸੋਈ ਵਿੱਚ ਮੌਜੂਦ ਨਾ ਰਹਿਣਾ ਅਤੇ ਧੂੰਏਂ ਦੇ ਅਲਾਰਮ ਬ੍ਰੈਂਪਟਨ ਵਿੱਚ ਨਿਰੰਤਰ ਚਿੰਤਾ ਦਾ ਵਿਸ਼ਾ ਰਹੇ ਹਨ – ਸਿਰਫ਼ ਟੀਚੇ ਵਾਲੇ ਖੇਤਰਾਂ ਵਿੱਚ ਹੀ ਨਹੀਂ, ਬਲਕਿ ਪੂਰੇ ਸ਼ਹਿਰ ਵਿੱਚ। ਸਾਨੂੰ ਪਤਾ ਹੈ ਕਿ ਧੂੰਏਂ ਦੇ ਚਾਲੂ ਅਲਾਰਮ ਜ਼ਿੰਦਗੀਆਂ ਬਚਾਉਂਦੇ ਹਨ; ਇਸਲਈ ਯਕੀਨੀ ਬਣਾਓ ਕਿ ਤੁਸੀਂ ਆਪਣੇ ਘਰ ਦੀ ਹਰੇਕ ਮੰਜ਼ਲ 'ਤੇ, ਸੌਣ ਵਾਲੇ ਸਾਰੇ ਭਾਗਾਂ ਦੇ ਬਾਹਰ ਧੂੰਏਂ ਦੇ ਅਲਾਰਮ ਲਗਵਾਏ ਹਨ, ਅਤੇ ਕਦੇ ਵੀ ਭੋਜਨ ਪਕਾਉਂਦੇ ਸਮੇਂ ਰਸੋਈ ਵਿੱਚੋਂ ਬਾਹਰ ਨਹੀਂ ਜਾਂਦੇ।"

- ਰੀਜਨਲ ਕਾਉਂਸਲਰ ਅਤੇ ਮੁਖੀ, ਕਮਿਉਨਿਟੀ ਸਰਵਿਸਿਜ਼, ਮਾਈਕਲ ਪਲੇਸ਼ੀ (Michael Palleschi)

"ਸਾਡੀ ਭਾਈਚਾਰਕ ਜੋਖਮ ਘਟਾਉਣ ਦੀ ਯੋਜਨਾ ਸਾਡੇ ਲਈ ਇੱਕ ਤਰਜੀਹੀ ਪ੍ਰੋਜੈਕਟ ਹੈ। ਮੈਨੂੰ ਵਿਸ਼ਵਾਸ਼ ਹੈ ਕਿ ਤਿੰਨ ਮੁੱਖ ਖੇਤਰਾਂ ਨੂੰ ਟੀਚਾ ਬਣਾ ਕੇ, ਟ੍ਰੇਨਿੰਗ ਅਤੇ ਜਨਤਕ ਸਿੱਖਿਆ ਦੇ ਸਾਡੇ ਵਾਧੂ ਯਤਨਾਂ ਦਾ ਬ੍ਰੈਂਪਟਨ ਦੇ ਨਿਵਾਸੀਆਂ ਦੀਆਂ ਜ਼ਿੰਦਗੀਆਂ 'ਤੇ ਸਕਾਰਾਤਮਕ ਅਸਰ ਹੋਵੇਗਾ।"

- ਫਾਇਰ ਚੀਫ ਬਿਲ ਬੋਇਸ (Bill Boyes)

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca